بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 10.11.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਕੁਰਆਨ ਕਰੀਮ ਦਾ ਕਿੰਨ੍ਹਾ ਸੋਹਣਾ ਆਦੇਸ਼ ਹੈ ਕਿ ਕਿਸੇ ਕੌਮ ਦੀ ਦੁਸ਼ਮਣੀ ਤੁਹਾਨੂੰ ਇਸ ਗੱਲ'ਤੇ ਉਤਾਰੂ ਨ ਕਰ ਦੇਵੇ ਕਿ ਤੁਸੀਂ ਇੰਸਾਫ਼ ਨ ਕਰੋ । ਇਹ ਆਦੇਸ਼ ਕਿਸੇ ਹੋਰ ਧਾਰਮਕ ਕਿਤਾਬ ਵਿੱਚ ਨਹੀਂ ਦਿਤੱਾ ਗਿਆ

**ਇਕ ਮੋਮਿਨ ਦਾ ਇਹ ਕੰਮ ਨਹੀਂ ਹੈ ਕਿ ਕੌਮਾ ਅਤੇ ਹੋਰਨਾ ਧਰਮਾ ਦੇ ਲੋਕਾਂ ਦੀ ਵਧੀਕੀ ਦਾ ਉਸੇ ਪ੍ਰਕਾਰ ਬਦਲਾ ਲੈਂਣ ਅਤੇ ਇੰਸਾਫ਼ ਦੇ ਤਕਾਦੇ ਪੂਰੇ ਨ ਕਰਨ**

ਹੇ, ਉਹ ਲੋਕੋ ਜੋ ਇਮਾਨ ਲਿਆਏ ਹੋ ਰੱਬ ਖ਼ਾਤਰ ਗਵਾਹ ਬਣਦਿਆਂ ਹੋਇਆਂ ਇੰਸਾਫ਼ ਨੂੰ ਮਜ਼ਬੂਤੀ ਨਾਲ ਕਾਇਮ ਕਰਨ ਵਾਲੇ ਬਣ ਜਾਓ, ਭਾਵੇਂ ਆਪ ਆਪਣੇ ਵਿਰੁਧ ਗਵਾਹੀ ਦੇਣੀ ਪਵੇ ਜਾਂ ਮਾਂਪਿਆਂ ਅਤੇ ਨੇੜਲੇ ਸਾਕਾਂ ਸੰਬੰਧੀਆਂ ਦੇ ਵਿਰੁਧ ਗਵਾਹੀ ਦੇਣੀ ਪਏ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 10 ਨਵੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀਆਂ ਕੁਰਆਨ ਕਰੀਮ ਦੀ ਆਇਤਾਂ ਦੀ ਤਲਾਵਤ ਕੀਤੀ ਅਤੇ ਇਸ ਦਾ ਅਨੁਵਾਦ ਪੇਸ਼ ਕੀਤਾ :

یٰۤاَیُّہَا الَّذِیۡنَ اٰمَنُوۡا کُوۡنُوۡا قَوّٰمِیۡنَ بِالۡقِسۡطِ شُہَدَآءَ لِلّٰہِ وَلَوۡ عَلٰۤی اَنۡفُسِکُمۡ اَوِ الۡوَالِدَیۡنِ وَالۡاَقۡرَبِیۡنَ ۚ اِنۡ یَّکُنۡ غَنِیًّا اَوۡ فَقِیۡرًا فَاللّٰہُ اَوۡلٰی بِہِمَا ۟ فَلَا تَتَّبِعُوا الۡہَوٰۤی اَنۡ تَعۡدِلُوۡا ۚ وَاِنۡ تَلۡوٗۤا اَوۡ تُعۡرِضُوۡا فَاِنَّ اللّٰہَ کَانَ بِمَا تَعۡمَلُوۡنَ خَبِیۡرًا (سورۃ النساء:136)

یٰۤاَیُّہَا الَّذِیۡنَ اٰمَنُوۡا کُوۡنُوۡا قَوّٰمِیۡنَ لِلّٰہِ شُہَدَآءَ بِالۡقِسۡطِ ۫ وَلَا یَجۡرِمَنَّکُمۡ شَنَاٰنُ قَوۡمٍ عَلٰۤی اَلَّا تَعۡدِلُوۡا ؕ اِعۡدِلُوۡا ۟ ہُوَ اَقۡرَبُ لِلتَّقۡوٰی ۫ وَاتَّقُوا اللّٰہَ ؕ اِنَّ اللّٰہَ خَبِیۡرٌۢ بِمَا تَعۡمَلُوۡنَ (سورۃ المائدہ:9)

وَمِمَّنۡ خَلَقۡنَاۤ اُمَّۃٌ یَّہۡدُوۡنَ بِالۡحَقِّ وَبِہٖ یَعۡدِلُوۡنَ (سورۃ الاعراف:182)

ਫ਼ਰਮਾਇਆ : ਰੱਬ ਨੇ ਜਿਸ ਪ੍ਰਕਾਰ ਤੇ ਜਿਸ ਗੁਣਵਤੱਾ ਦੇ ਇੰਸਾਫ਼ ਤੇ ਨਿਆਏ ਨੂੰ ਕਾਇਮ ਕਰਨ ਦੀ ਮੁਸਲਮਾਨਾਂ ਨੂੰ ਸਿਖਿੱਆ ਦਿੱਤੀ ਹੈ ਕਿਸੇ ਹੋਰ ਧਾਰਮ ਦੀ ਕਿਤਾਬ ਵਿੱਚ ਇਹ ਗੁਣਵਤੱਾ ਮੌਜੂਦ ਨਹੀਂ ਹੈ ਪਰ ਬਦਕਿਸਮਤੀ ਨਾਲ ਇਸ ਸਮੇਂ ਮੁਸਲਮਾਨ ਹਰ ਪਧੱਰ'ਤੇ ਮੁਸਲਮਾਨਾਂ ਵਿੱਚ ਹੀ ਇਕ ਅਜਿਹਾ ਵਡੱਾ ਤਬਕਾ ਹੈ ਲੀਡਰਾਂ ਵਿੱਚ ਵੀ ਅਤੇ ਮੌਲਵੀਆਂ ਵਿੱਚ ਵੀ ਜੋ ਇਨਸਾਫ਼ ਦੇ ਤਕਾਦੇ ਪੂਰੇ ਨਹੀਂ ਕਰਦੇ । ਇਸੇ ਪ੍ਰਕਾਰ ਘਰਾਂ ਵਿੱਚ, ਲੋਕਾਂ ਵਿੱਚ, ਸਾਧਾਰਣ ਮੁਸਲਮਾਨਾਂ ਵਿੱਚ, ਆਮ ਮਾਮਲਿਆਂ ਵਿੱਚ ਇਨਸਾਫ਼ ਤੇ ਨਿਆਏ ਦੇ ਉਹ ਮਿਆਰ ਦੇਖਣ ਵਿੱਚ ਨਹੀ ਆਉਂਦੇ ਜੋ ਰੱਬ ਨੇ ਕਾਇਮ ਕੀਤੇ ਹਨ, ਜਿਸ ਦੀ ਇਕ ਮੋਮਿਨ ਨਾਲ ਆਸ਼ਾ ਕੀਤੀ ਜਾਂਦੀ ਹੈ । ਘਰੇਲੂ ਮਤਿਭੇਦ ਤੇ ਝਗੜਿਆਂ ਦੇ ਮਾਮਲੇ ਹਨ, ਇਸ ਪੱਖੋਂ ਪੁਰਸ਼ਾਂ ਵੱਲੋਂ ਵੀ ਤੇ ਇਸਤਰੀਆਂ ਵੱਲੋਂ ਵੀ ਕਈ ਵਾਰ ਗ਼ਲਤ ਘਟਨਾਵਾਂ ਕਰਕੇ ਅਦਾਲਤਾਂ ਵਿੱਚ ਮੁਕਦੱਮੇ ਪੇਸ਼ ਕੀਤੇ ਜਾਂਦੇ ਹਨ, ਗ਼ਲਤ ਗਵਾਹੀਆਂ ਪੇਸ਼ ਕੀਤੀਆਂ ਜਾਂਦੀਆਂ ਹਨ । ਨਜਾਇਜ਼ ਹੱਕ ਲੈਂਣ ਲਈ ਜਾਂ ਕਿਸੇ ਦਾ ਹੱਕ ਮਾਰਨ ਲਈ ਝੂਠ ਤੇ ਗ਼ਲਤ ਬਿਆਨੀ ਨਾਲ ਕੰਮ ਲਿਆ ਜਾਂਦਾ ਹੈ । ਭਾਵ ਇਹ ਕਿ ਬਹੁਤ ਵੱਡੀ ਸੰਖਿਆ ਅਜਿਹੀ ਹੈ ਜੋ ਸਚੱਾਈ ਨਾਲ ਕੰਮ ਨਹੀਂ ਲੈਂਦੀ । ਝੂਠ ਬੋਲਦੇ ਹਨ ਅਤੇ ਅਦਾਲਤ ਨੂੰ ਵੀ ਧੋਖੇ ਵਿੱਚ ਰਖੱਦੇ ਹਨ । ਕਈ ਥਾਈਂ ਇਨਸਾਫ਼ ਕਰਨ ਵਾਲੇ ਅਪਣੇ ਵਿਅਕਤੀਗੱਤ ਹਿਤਾਂ ਲਈ ਗਲਤ ਫ਼ੈਸਲੇ ਕਰ ਦਿੰਦੇ ਹਨ, ਸੰਭਵਤਾ ਸਾਰੀ ਵਿਵਸਥਾ ਹੀ ਵਿਗੜ ਗਈ ਹੈ । ਬਹਿਰਹਾਲ ਇਸ ਅਨਿਆਏ ਕਰਕੇ ਸਮਾਜ ਵਿੱਚ ਬੁਰਾਈਆਂ ਫੈਲਦੀਆਂ ਜਾਂਦੀਆਂ ਹਨ ਫਿਰ ਕੌਮੀ ਪਧੱਰ'ਤੇ ਹੁਕੁਮਰਾਨ ਨਿਆਏ ਦੇ ਤਕਾਦੇ ਪੂਰੇ ਨਹੀਂ ਕਰਦੇ । ਨ ਹੀ ਆਪਣੀ ਪ੍ਰਜਾ ਲਈ ਇਨਸਾਫ਼ ਦੇ ਤਕਾਦੇ ਪੂਰੇ ਕੀਤੇ ਜਾ ਰਹੇ ਹੁੰਦੇ ਹਨ । ਨ ਹੀ ਦੇਸ਼ਾਂ ਦੇ ਆਪਸੀ ਸੰਬੰਧਾਂ ਵਿੱਚ ਇਨਸਾਫ਼ ਦੇ ਤਕਾਦੇ ਪੂਰੇ ਕੀਤੇ ਜਾਂਦੇ ਹਨ । ਮੌਲਵੀ ਹਨ ਤਾਂ ਉਹਨਾਂ ਨੇ ਧਰਮ ਨੂੰ ਆਪਣੇ ਵਿਅਕਤੀਗੱਤ ਲਾਭ ਦੀ ਪ੍ਰਾਪਤੀ ਲਈ ਸਾਧਨ ਬਣਾ ਲਿਆ ਹੈ ਅਤੇ ਦਾਵਾ ਮੁਸਲਮਾਨਾਂ ਦਾ ਇਹ ਹੈ ਕਿ ਅਸੀਂ ਖ਼ੈਰ ਉਮੱਤ (ਕੌਮ ਦੀ ਭਲਾਈ ਕਰਨ ਵਾਲੇ) ਹਨ । ਜੇਕਰ ਉਹ ਰੱਬ ਦੇ ਆਦੇਸ਼ਾਂ ਉਪੱਰ ਚਲੱਣ ਅਤੇ ਕੁਰਆਨ ਕਰੀਮ ਦੀ ਸਿੱਖਿਆਵਾਂ ਉਪੱਰ ਅਮਲ ਕਰਨ ਤਾਂ ਨਿਸ਼ਚੇ ਹੀ ਇਸਲਾਮ ਦੁਨੀਆ ਦੀਆਂ ਸਾਰੀਆਂ ਸਮੱਸਿਆਵਾਂ ਦਾ ਹਲ ਪੇਸ਼ ਕਰਦਾ ਹੈ, ਸ਼ਰਤ ਇਹ ਹੈ ਕਿ ਇਸ ਦੀ ਸਿੱਖਿਆ ਅਨੁਸਾਰ ਹੱਕ ਤੇ ਨਿਆਏ ਨੂੰ ਕਾਇਮ ਕੀਤਾ ਜਾਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਆਇਤ ਜੋ ਮੈਂ ਤਲਾਵਤ ਕੀਤੀ ਹੈ ਇਹ ਵੱਖ ਵੱਖ ਤਿੰਨ ਸੂਰਤਾਂ ਵਿੱਚੋਂ ਹਨ, ਅਲਨਿਸਾ, ਅਲਮਾਇਦਾ ਅਤੇ ਅਲਆਰਾਫ਼ ਦੀ । ਪਹਿਲੀ ਆਇਤ ਜੋ ਅਲਨਿਸਾ ਦੀ ਹੈ ਉਸ ਦਾ ਅਰਥ ਇਹ ਹੈ ਕਿ ਹੇ, ਉਹ ਲੋਕੋ ਜੋ ਇਮਾਨ ਲਿਆਏ ਹੋ ਰੱਬ ਖ਼ਾਤਰ ਗਵਾਹ ਬਣਦਿਆਂ ਹੋਇਆਂ ਇਨਸਾਫ਼ ਨੂੰ ਮਜ਼ਬੂਤੀ ਨਾਲ ਕਾਇਮ ਕਰਨ ਵਾਲੇ ਬਣ ਜਾਓ, ਬੇਸ਼ਕ ਆਪ ਨੂੰ ਆਪਣੇ ਵਿਰੁਧ ਗਵਾਹੀ ਦੇਣੀ ਪਏ ਜਾਂ ਮਾਂਪਿਆਂ ਤੇ ਨੇੜਲੇ ਸਕਾਂ ਸੰਬੰਧੀਆਂ ਦੇ ਵਿਰੁਧ, ਬੇਸ਼ਕ ਕੋਈ ਅਮੀਰ ਹੋਵੇ ਜਾਂ ਗ਼ਰੀਬ ਦੋਹਾਂ ਦਾ ਰੱਬ ਹੀ ਨਿਗਾਹਬਾਨ ਹੈ । ਸੋ ਆਪਣੀਆਂ ਇਛੱਾਵਾਂ ਦੀ ਪੈਰ੍ਹਵੀ ਨ ਕਰੋ ਕਿਤੇ ਇਹ ਨ ਹੋਵੇ ਕਿ ਨਿਆਏ ਤੋਂ ਗੁਰੇਜ਼ ਕਰੋ । ਜੇਕਰ ਤੁਸੀ ਗੋਲਮੋਲ ਗੱਲ ਕੀਤੀ ਜਾਂ ਪੱਖ ਪੂਰਿਆਂ ਤਾਂ ਨਿਸ਼ਚੇ ਹੀ ਤੁਸੀਂ ਜੋ ਕੁਝ ਕਰਦੇ ਹੋ ਰੱਬ ਉਸ ਨੂੰ ਦੇਖ ਰਿਹਾ ਹੈ ।

ਸੋ, ਇਹ ਉਹ ਹੁਕੁਮ ਹੈ ਨਿਆਂ ਦੇ ਕਾਇਮ ਕਰਨ ਦਾ । ਵਿਅਕਤੀਗੱਤ ਘਰੇਲੂ ਮਾਮਲਿਆਂ ਵਿੱਚ ਵੀ ਅਤੇ ਸਮਾਜਕ ਮਾਮਲਿਆਂ ਵਿੱਚ ਵੀ, ਕਿਹੋ ਜਿਹੇ ਵੀ ਹਾਲਾਤ ਹੋ ਜਾਣ ਨਿਆਏ ਉਪੱਰ ਕਾਇਮ ਰਹਿਣਾ ਹੈ । ਮੋਮਿਨਾ ਨੂੰ ਇਹ ਆਦੇਸ਼ ਹੈ ਕਿ ਰੱਬ ਖ਼ਾਤਰ ਅਤੇ ਰੱਬ ਦੇ ਆਦੇਸ਼ਾਂ ਅਨੁਸਾਰ ਮੋਮਿਨ ਦੀ ਗਵਾਹੀ ਹੋਣੀ ਚਾਹੀਦੀ ਹੈ ਅਤੇ ਇਹ ਉਸੇ ਸਮੇਂ ਹੋ ਸਕਦਾ ਹੈ ਜੱਦ ਰੱਬ ਉਪੱਰ ਕਾਮਲ ਯਕੀਨ ਹੋਵੇ, ਇਮਾਨ ਦਾ ਮਿਆਰ ਅਤਿ ਉਤੱਮ ਦਰਜੇ ਦਾ ਹੋਵੇ ਅਤੇ ਮਜ਼ਬੂਤ ਹੋਵੇ । ਮਜ਼ਬੂਤੀ ਦਾ ਉਦੋਂ ਹੀ ਪਤਾ ਲੱਗੇਗਾ ਜੱਦ ਮਨੁੱਖ ਆਪਣੇ ਵਿਰੁਧ ਵੀ ਗਵਾਹੀ ਦੇਣ ਲਈ

ਤਿਆਰ ਹੋਵੇ, ਆਪਣੀ ਪਤਨੀ ਤੇ ਬੱਚਿਆਂ ਵਿਰੁਧ ਵੀ ਗਵਾਹੀ ਦੇਣ ਲਈ ਤਿਆਰ ਹੋਵੇ. ਆਪਣੇ ਮਾਂਪਿਆਂ ਵਿਰੁਧ ਵੀ ਜੇਕਰ ਲੋੜ ਪਏ ਤਾਂ ਗਵਾਹੀ ਦੇਣ ਲਈ ਤਿਆਰ ਹੋਵੇ, ਨੇੜਲੇ ਰਿਸ਼ਤੇਦਾਰਾਂ ਵਿਰੁਧ ਵੀ ਗਵਾਹੀ ਦੇਣੀ ਪਏ ਤਾਂ ਤਿਆਰ ਹੋਵੇ । ਫ਼ਰਮਾਇਆ ਕਿ ਇਛੱਾਵਾਂ ਦੀ ਪੈਰ੍ਹਵੀ ਨਿਆ ਤੋਂ ਦੂਰ ਕਰਦੀ ਹੈ । ਜੇਕਰ ਆਪਣੀਆਂ ਇਛੱਾਵਾਂ ਦੀ ਪੈਰ੍ਹਵੀ ਕਰਨ ਲੱਗ ਗਏ ਤਾਂ ਅਦਲ ਤੇ ਇਨਸਾਫ਼ ਤੋਂ ਦੂਰ ਹੋ ਜਾਓਗੇ । ਅੱਜ ਕੱਲ ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਇਸ ਲਈ ਹਨ ਕਿ ਇਨਸਾਫ਼ ਦੇ ਮਿਆਰ ਇਸ ਨਹੀਂ ਪਾਏ ਜਾਂਦੇ, ਜੋ ਰੱਬ ਚਾਹੁੰਦਾ ਹੈ । ਆਪਣੀਆਂ ਗਲੱਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਆਮ ਗੱਲ ਹੈ ।

ਦੁੱਖ ਇਸ ਗੱਲ ਦਾ ਹੁੰਦਾ ਹੈ ਕਿ ਕਈ ਵਾਰ ਸਾਡੇ ਵਿੱਚੋਂ ਵੀ ਕਈ ਲੋਕ ਦੁਨੀਆਦਾਰੀ ਤੇ ਮਾਹੌਲ ਦੇ ਪ੍ਰਭਾਵ ਹੇਠ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੀ ਬੈਅਤ ਵਿੱਚ ਆਉਣ ਦੇ ਬਾਦ ਵੀ ਅਜਿਹੀਆਂ ਗਲੱਾਂ ਕਰ ਜਾਂਦੇ ਹਨ ਅਤੇ ਅਜਿਹੀ ਗਵਾਹੀ ਦਿੰਦੇ ਹਨ ਜੋ ਸਚੱਾਈ ਤੋਂ ਦੂਰ ਹੁੰਦੀਆਂ ਹਨ । ਰੱਬ ਫ਼ਰਮਾਉਂਦਾ ਹੈ ਕਿ ਬੇਸ਼ਕ ਵਿਅਕਤੀਗੱਤ ਜਾਂ ਆਪਣੇ ਮਾਂਪਿਆਂ ਦਾ ਨੁਕਸਾਨ ਵੀ ਹੋ ਜਾਏ ਤਾਂ ਫਿਰ ਵੀ ਕਦੇ ਅਜਿਹੀ ਗੱਲ ਨ ਕਰੋ ਜੋ ਗੋਲ ਮੋਲ ਹੋਵੇ ਜਾਂ ਕਿਸੇ ਵੀ ਪ੍ਰਕਾਰ ਇਹ ਪ੍ਰਭਾਵ ਪੈਦਾ ਕਰਦੀ ਹੋਵੇ ਕਿ ਸਚੱਾਈ ਨੂੰ ਲੁਕਾਉਣ ਵਿੱਚ ਪੱਖ ਪੂਰਿਆਂ ਗਿਆ ਹੋਵੇ ਸੱਚੀ ਗਵਾਹੀ ਦੇਣ ਵਿੱਚ ਬਚਣ ਦਾ ਜਤਨ ਕੀਤਾ ਗਿਆ ਹੈ । ਇਹ ਗਲੱਾਂ ਅਸੀਂ ਪ੍ਰਤੀਦਿਨ ਦੇ ਮਾਮਲਿਆਂ ਵਿੱਚ ਦੇਖਦੇ ਹਾਂ । ਉਧਾਰਣ ਲਈ ਪਤੀ ਪਤਨੀ ਦੇ ਮਾਮਲੇ ਹਨ । ਕਜ਼ਾ (ਅਦਾਲਤ) ਵਿੱਚ ਬਹੁਤ ਸਾਰੇ ਮਾਮਲੇ ਅਜਿਹੇ ਆਉਂਦੇ ਹਨ ਜਿੱਥੇ ਸਚੱਾਈ ਤੋਂ ਕੰਮ ਨਹੀਂ ਲਿਆ ਗਿਆ ਹੁੰਦਾ । ਲੈਣ ਦੇਣ ਦੇ ਮਾਮਲੇ ਹਨ, ਇਹਨਾਂ ਵਿੱਚ ਵੀ ਅਸੀਂ ਦੇਖਦੇ ਹਾਂ, ਓਥੇ ਸਚੱ ਨੂੰ ਲੁਕਾਇਆ ਜਾਂਦਾ ਹੈ । ਕਈ ਧਰਮ ਦਾ ਗਿਆਨ ਰਖੱਣ ਵਾਲੇ ਅਤੇ ਵੇਖਣ ਨੂੰ ਸੇਵਾ ਕਾਰਜਾਂ ਵਿੱਚ ਅੱਗੇ ਰਹਿਣ ਵਾਲੇ ਵੀ ਅਜਿਹੀਆਂ ਹਰਕਤਾਂ ਕਰ ਜਾਂਦੇ ਹਨ ਕਿ ਬੰਦਾ ਪਰੇਸ਼ਾਨ ਹੋ ਜਾਂਦਾ ਹੈ ਕਿ ਅਜਿਹੇ ਲੋਕ ਵੀ ਇਸ ਪ੍ਰਕਾਰ ਦੀਆਂ ਗਲੱਾਂ ਕਰ ਸਕਦੇ ਹਨ ਜੋ ਦੇਖਣ ਨੂੰ ਬਹੁਤ ਵਿਦਵਾਨ ਲਗੱਦੇ ਹਨ ।

ਜਿਸ ਇਮਾਮ ਨੂੰ ਅਸੀਂ ਮੰਨਿਆ ਹੈ ਉਸ ਨੇ ਤਾਂ ਕੁਰਆਨ ਕਰੀਮ ਦੇ ਆਦੇਸ਼ਾਂ ਉਪੱਰ ਚਲਦਿਆਂ ਹੋਇਆਂ ਅਜਿਹੀਆਂ ਉਧਾਰਣਾ ਕਇਮ ਕੀਤੀਆਂ ਹੈ ਜੋ ਗ਼ੈਰਾਂ ਨੂੰ ਵੀ ਹੈਰਾਨ ਤੇ ਪ੍ਰੇਸ਼ਾਨ ਕਰ ਦਿੰਦੀਆਂ ਹਨ । ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਆਪਣੇ ਪਿਤਾ ਦੇ ਮੁਜ਼ਾਰਿਆਂ ਦੇ ਵਿਰੁਧ ਇਕ ਮੁਕੱਦਮੇ ਵਿੱਚ ਪੇਸ਼ ਹੋਏ ਅਤੇ ਸਚੱਾਈ ਤੇ ਇਨਸਾਫ਼ ਦੇ ਤਕਾਦਿਆਂ ਨੂੰ ਪੂਰਾ ਕਰਦਿਆਂ ਹੋਇਆਂ ਸੱਚੀ ਗੱਲ ਕੀਤੀ ਜਿਸ ਦਾ ਲਾਭ ਮੁਜ਼ਾਰਿਆਂ ਨੂੰ ਹੋਇਆ ਅਤੇ ਆਪ ਦੇ ਪਿਤਾ ਨੂੰ ਨੁਕਸਾਨ ਹੋਇਆ । ਸੋ, ਹਜ਼ਰਤ ਮਹੁਮੱਦ ਸਲਲੱਾਹੁ ਅਲੈਹਿ ਵਸਲਮ ਦੇ ਜਿਸ ਸੱਚੇ ਗ਼ੁਲਾਮ ਨੂੰ ਅਸੀਂ ਮੰਨਿਆ ਹੈ ਉਸ ਦਾ ਨਮੂਨਾ ਤਾਂ ਇਹ ਹੈ ਅਤੇ ਉਸ ਨਮੂਨੇ ਨੂੰ ਸਾਹਮਣੇ ਰਖੱਦਿਆਂ ਹੋਇਆਂ ਸਾਨੂੰ ਆਪਣੀਆਂ ਗਵਾਹੀਆਂ ਦੇ ਹਰ ਮਾਮਲੇ ਵਿੱਚ ਜਾਇਜ਼ਾ ਲੈਂਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੇਕਰ ਰੱਬ ਖ਼ਾਤਰ ਨੀਯਤ ਨੇਕ ਹੋਵੇਗੀ ਗਵਾਹ ਬਣਦਿਆਂ ਹੋਇਆਂ ਨਿਆਏ ਨੂੰ ਮਜ਼ਬੂਤੀ ਨਾਲ ਫੜਨਗੇ, ਆਪਣੀਆਂ ਗਵਾਹੀਆਂ ਦੇ ਮਿਆਰ ਨੂੰ ਸਚੱਾਈ'ਤੇ ਕਾਇਮ ਕਰਨਗੇ ਤਾਂ ਖ਼ੁਦਾ ਜੋ ਰੱਬ ਹੈ ਰਾਜ਼ਕ ਹੈ, ਉਹ ਆਪ ਹੀ ਸਾਧਨ ਉਪਲਭਦ ਕਰੇਗਾ ਆਪ ਹੀ ਰੋਜ਼ੀ ਦੇਵੇਗਾ ਤੇ ਉਸ ਵਿੱਚ ਬਰਕਤ ਪਾ ਦੇਵੇਗਾ । ਸੋ, ਸਾਨੂੰ ਹਰ ਸਮੇਂ ਆਪਣੇ ਜਾਇਜ਼ੇ ਲੈਂਦੇ ਰਹਿਣਾ ਚਾਹੀਦਾ ਹੈ । ਜੇਕਰ ਅਸੀਂ ਨਿਆਏ ਦੇ ਅਜਿਹੇ ਮਿਆਰ ਕਾਇਮ ਕਰਨ ਦੇ ਜਤਨ ਨਹੀਂ ਕਰਾਂਗੇ ਤਾਂ ਨ ਘਰਾਂ ਵਿੱਚ ਅਮਨ ਸਕੂਨ ਕਾਇਮ ਰਹਿ ਸਕਦਾ ਹੈ ਨ ਹੀ ਸਮਾਜ ਵਿੱਚ ਅਮਨ ਤੇ ਸਕੂਨ ਕਾਇਮ ਰਹਿ ਸਕਦਾ ਹੈ । ਸੂਰਤ ਮਾਇਦਾ ਦੀ ਆਇਤ 9 ਦੀ ਜੋ ਮੈਂ ਤਲਾਵਤ ਕੀਤੀ ਹੈ ਉਸ ਦਾ ਅਰਥ ਇਹ ਹੈ । ਰੱਬ ਫ਼ਰਮਾਉਂਦਾ ਹੈ ਕਿ ਹੇ, ਉਹ ਲੋਕੋ ਜੋ ਇਮਾਨ ਲਿਆਏ ਹੋ ਰੱਬ ਖ਼ਾਤਰ ਮਜ਼ਬੂਤੀ

ਨਾਲ ਨਿਗਰਾਨੀ ਕਰਦਿਆਂ ਹੋਇਆਂ ਨਿਆਏ ਦੇ ਪੱਖ ਵਿੱਚ ਗਵਾਹ ਬਣ ਜਾਓ ਅਤੇ ਕਿਸੇ ਕੌਮ ਦੀ ਦੁਸਮਣੀ ਤੁਹਾਨੂੰ ਉਕੱਾ ਹੀ ਇਸ ਗੱਲ'ਤੇ ਉਤਾਰੂ ਨ ਕਰੇ ਕਿ ਤੁਸੀਂ ਇਨਸਾਫ਼ ਨ ਕਰੋ । ਇਨਸਾਫ਼ ਕਰੋ ਇਹ ਸੰਜਮਤਾ ਦੇ ਸਭ ਤੋਂ ਨੇੜੇ ਹੈ ਅਤੇ ਰੱਬ ਤੋਂ ਡਰੋ, ਨਿਸ਼ਚੇ ਹੀ ਰੱਬ ਉਸ ਤੋਂ ਜਾਣੂ ਰਹਿੰਦਾ ਹੈ ਜੋ ਤੁਸੀਂ ਕਰਦੇ ਹੋ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕਈ ਥਾਈਂ ਧਾਰਮਕ ਮਤਿਭੇਦ ਹੁੰਦੇ ਹਨ ਅਤੇ ਇਸ ਕਰਕੇ ਦੂਜੇ ਧਰਮ ਵਾਲੇ ਵਧੀਕੀ ਵੀ ਕਰ ਜਾਂਦੇ ਹਨ ਤਾਂ ਅਜਿਹੀ ਅਵਸਥਾ ਵਿੱਚ ਇਕ ਮੋਮਿਨ ਦਾ ਇਹ ਕੰਮ ਨਹੀਂ ਹੈ ਕੌਮਾਂ ਅਤੇ ਦੂਜੇ ਧਰਮਾ ਦੇ ਲੋਕਾਂ ਨਾਲ ਵਧੀਕੀ ਦਾ ਬਦਲਾ ਉਸੇ ਪ੍ਰਕਾਰ ਲੈਂਣ ਅਤੇ ਇਨਸਾਫ਼ ਦੇ ਤਕਾਦੇ ਪੂਰੇ ਨ ਕਰਨ । ਇਕ ਹਕੀਕੀ ਮੋਮਿਨ ਦਾ ਕੰਮ ਹੈ ਕਿ ਰੱਬ ਦੇ ਆਦੇਸ਼ਾਂ ਨੂੰ ਮਜ਼ਬੂਤੀ ਨਾਲ ਫੜਨ ਅਤੇ ਉਸ'ਤੇ ਕਾਇਮ ਹੋਣ ਅਤੇ ਉਸ ਵਿੱਚ ਰਤਾ ਭਰ ਵੀ ਲਾਪਰਵਾਹੀ ਨ ਹੋਵੇ । ਇਨਸਾਫ਼ ਦੇ ਪੱਖ ਵਿੱਚ ਗਵਾਹ ਬਣਨ ਦਾ ਅਰਥ ਹੀ ਇਹ ਹੈ ਕਿ ਇਸਲਾਮੀ ਸਿੱਖਿਆ ਉਪੱਰ ਅਜਿਹੇ ਕਾਰਬੰਦ ਹੋਣ ਕਿ ਤੁਹਾਡਾ ਅਮਲੀ ਨਮੂਨਾ ਲੋਕਾਂ ਲਈ, ਦੂਜੇ ਧਰਮਾ ਲਈ, ਸਮਾਜ ਲਈ ਇਕ ਉਧਾਰਣ ਬਣ ਜਾਵੇ । ਦੂਜੀਆਂ ਕੌਮਾਂ ਲਈ ਇਕ ਉਧਾਰਣ ਬਣ ਜਾਏ ।

ਅੱਜ ਕਲ ਮੁਸਲਮਾਨਾ ਦੇ ਅਨਿਆਏ ਬਾਰੇ ਪਛੱਮ ਵਿੱਚ ਬਹੁਤ ਕੁਝ ਕਿਹਾ ਜਾਂਦਾ ਹੈ ਕਿ ਜੋ ਲੋਕ ਆਪਣੇ ਸਮ ਧਰਮੀਆਂ ਨਾਲ ਨਿਆਏ ਨਹੀਂ ਕਰਦੇ ਉਹ ਗ਼ੈਰਾਂ ਨਾਲ ਕੀ ਨਿਆਏ ਕਰਨਗੇ । ਇਹ ਬਹੁਤ ਵਡੱਾ ਦੁੱਖ ਹੈ ਅਤੇ ਮੁਸਲਮਾਨ ਹੀ ਇਸਲਾਮ ਨੂੰ ਬਦਨਾਮ ਕਰ ਰਹੇ ਹਨ ਆਪਣੀਆਂ ਹਰਕਤਾਂ ਕਰਕੇ । ਹੁਕੁਮਰਾਨ ਪ੍ਰਜਾ ਦੇ ਹੱਕ ਮਾਰ ਰਹੇ ਹਨ । ਪ੍ਰਜਾ ਹਾਕਮਾ ਨਾਲ ਲੜ ਰਹੀ ਹੈ, ਜਨਤਾ ਸਰਕਾਰ ਨਾਲ ਲੜ ਰਹੀ ਹੈ । ਆਬਾਦੀਆਂ ਦੀਆ ਆਬਾਦੀਆਂ ਜ਼ੁਲਮਾ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਤਬਾਹ ਹੋ ਰਹੀਆਂ ਹਨ । ਨਾਂ ਨਿਹਾਦ ਇਸਲਾਮ ਪਸੰਦ ਦਲ ਆਪਣੇ ਲੋਕਾਂ ਨੂੰ ਵੀ ਮਾਰ ਰਹੇ ਹਨ ਅਤੇ ਹੋਰਨਾ ਦੇਸ਼ਾਂ ਵਿੱਚ ਵੀ ਜ਼ਾਲਮਾਨਾ ਹਰਕਤਾਂ ਕਰਦੇ ਹਨ ਅਤੇ ਆਪਣੇ ਜ਼ੁਲਮ ਨੂੰ ਇਹ ਕਹਿਕੇ ਉਹ justify ਕਰਦੇ ਹਨ ਕਿ ਇਹ ਸਾਡੇ ਲੋਕਾਂ ਨੂੰ ਮਾਰ ਰਹੇ ਹਨ ।

ਹਜ਼ੂਰ ਨੇ ਫ਼ਰਮਾਇਆ : ਬਹਿਰਹਾਲ ਇਹ ਕੌਮਾ ਦੀ ਦੁਸ਼ਮਣੀ ਫਿਰ ਅੱਗੇ ਆਪਣੀਆਂ ਹੋਰ ਦੁਸਮਣੀਆਂ ਦੇ ਬੱਚੇ ਪੈਦਾ ਕਰਦੀਆਂ ਜਾਂਦੀਆਂ ਹਨ ਅਤੇ ਇਹ ਲੜੀ ਕਦੇ ਵੀ ਖ਼ਤਮ ਨਹੀਂ ਹੁੰਦੀ । ਇਸ ਲਈ ਰੱਬ ਨੇ ਫ਼ਰਮਾਇਆ, ਕਿਸੇ ਕੌਮ ਦੀ ਦੁਸ਼ਮਣੀ ਵੀ ਤੁਹਾਨੂੰ ਇਸ ਹੱਦ ਤੱਕ ਜਾਣ ਲਈ ਮਜਬੂਰ ਨ ਕਰੇ ਕਿ ਤੁਸੀਂ ਇਨਸਾਫ਼ ਦੇ ਤਕਾਦੇ ਪੂਰੇ ਨ ਕਰੋ । ਇਨਸਾਫ਼ ਦੇ ਤਕਾਦੇ ਤੁਸੀਂ ਹਰ ਹਾਲ ਵਿੱਚ ਪੂਰੇ ਕਰਨੇ ਹਨ ਅਤੇ ਇਸੇ ਕਰਕੇ ਜ਼ੁਲਮ ਵੱਧ ਰਿਹਾ ਹੈ ਕਿ ਇਨਸਾਫ਼ ਦੇ ਤਕਾਦੇ ਪੂਰੇ ਨਹੀਂ ਕੀਤੇ ਜਾਂਦੇ । ਅਤੇ ਜੋ ਗ਼ੈਰ ਮੁਸਲਿਮ ਸਾਡੇ ਵਿਰੁਧ ਹਨ ਉਹ ਵੀ ਇਸ ਲਈ ਕਿ ਮੁਸਲਮਾਨਾ ਦੇ ਅਮਲੀ ਨਮੂਨੇ ਇਸਲਾਮੀ ਸਿੱਖਿਆ ਦੇ ਵਿਰੁਧ ਹਨ । ਚਾਹੀਦਾ ਤਾਂ ਇਹ ਸੀ ਕਿ ਮੁਸਲਮਾਨ ਆਪਣੇ ਨਮੂਨੇ ਦਿਖਾਉਂਦਿਆਂ ਹੋਇਆਂ ਇਸਲਾਮ ਦੀ ਸੁੰਦਰ ਸਿੱਖਿਆ ਦੁਨੀਆਂ ਨੂੰ ਦਸੱਦਿਆਂ ਹੋਇਆਂ ਇਸਲਾਮ ਦਾ ਪ੍ਰਚਾਰ ਕਰਦੇ ਪਰ ਏਥੇ ਤਾਂ ਹਿਸਾਬ ਹੀ ਉਲਟਾ ਹੈ ਅਤੇ ਮੁਸਲਮਾਨ ਦੇਸ਼ਾਂ ਵਿੱਚ ਜ਼ੁਲਮਾਂ ਤੋਂ ਬਿਨਾ ਤਾਂ ਹੋਰ ਕੁਝ ਦੇਖਣ ਵਿੱਚ ਹੀ ਨਹੀਂ ਆਉਂਦਾ । ਕੁਰਆਨ ਕਰੀਮ ਦਾ ਕਿੰਨ੍ਹਾ ਸੋਹਣਾ ਆਦੇਸ਼ ਹੈ ਕਿ ਕਿਸੇ ਕੌਮ ਦੀ ਦੁਸ਼ਮਣੀ ਤੁਹਾਨੂੰ ਇਸ ਗੱਲ'ਤੇ ਉਤਾਰੂ ਨ ਕਰ ਦੇਵੇ ਕਿ ਤੁਸੀਂ ਇਨਸਾਫ਼ ਨ ਕਰੋ । ਇਹ ਹੁਕੁਮ ਕਿਸੇ ਹੋਰ ਧਰਮ ਦੀ ਕਿਤਾਬ ਵਿੱਚ ਨਹੀਂ ਦਿਤੱਾ ਗਿਆ ।

ਹਜ਼ੂਰ ਅਨਵਰ ਨੇ ਫ਼ਰਮਇਆ : ਦੁਸ਼ਮਾਣਾ ਨਾਲ ਸੁਲੂਕ ਵਿੱਚ ਇਨਸਾਫ਼ ਦੇ ਤਕਾਦੇ ਵੀ ਪੂਰੇ ਕਰਨੇ ਹਨ । ਇਸ ਵੱਲ ਬਹੁਤਾ ਧਿਆਨ ਦੇਣ ਹੈ ਇਹ ਕਿੰਨ੍ਹੀ ਸੋਹਣੀ ਸਿੱਖਿਆ ਹੈ ਪਰ ਦੁੱਖ ਦੀ ਗੱਲ ਹੈ ਕਿ ਇਸ ਸਿੱਖਿਆ ਦੇ

ਹੁੰਦਿਆਂ ਹੋਇਆਂ ਵੀ ਮੁਸਮਲਮਾਨਾਂ ਦੇ ਅਮਲਾਂ ਨੇ ਗ਼ੈਰ ਮੁਸਲਿਮ ਦੁਨੀਆ ਵਿੱਚ ਇਸਲਾਮ ਨੂੰ ਬਦਨਾਮ ਕਰ ਦਿਤੱਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਕਿੰਨ੍ਹੀ ਸੂਖਮਤਾ ਨਾਲ ਇਸ ਬਾਰੇ ਸਹਾਬਾ ਤੋਂ ਅਮਲ ਕਰਵਾਇਆ, ਇਸ ਦੀਆਂ ਕੁਝ ਉਧਾਰਣਾ ਦਿੰਦਾ ਹਾਂ ਇਕ ਵਾਰ ਇਕ ਜੰਗ ਵਿੱਚ ਗ਼ਲਤੀ ਨਾਲ ਇਕ ਇਸਤਰੀ ਸਹਾਬਾ ਦੇ ਹੱਥੋਂ ਕਤਲ ਹੋ ਗਈ ਆਪ ਨੂੰ ਇਸ ਦਾ ਪਤਾ ਲਗੱਾ ਤਾਂ ਆਪ ਸਹਾਬਾ ਤੋਂ ਬਹੁਤ ਨਰਾਜ਼ ਹੋਏ । ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ਦੇ ਮੂੰਹ'ਤੇ ਉਸ ਸਮੇਂ ਗੁੱਸੇ ਦੇ ਐਨ੍ਹੇ ਚਿੰਨ੍ਹ ਸਨ ਕਿ ਇਸ ਤੋਂ ਪਹਿਲਾਂ ਕਦੇ ਨਹੀਂ ਦੇਖੇ ਗਏ । ਸਹਾਬਾ ਨੇ ਕਿਹਾ ਵੀ ਕਿ ਗ਼ਲਤੀ ਨਾਲ ਮਾਰੀ ਗਈ ਹੈ ਪਰ ਇਸ ਗ਼ਲਤੀ ਨਾਲ ਮਾਰੇ ਜਾਣ ਦੇ ਬਾਦ ਵੀ ਆਪ ਨੂੰ ਬਹੁਤ ਸਖ਼ਤ ਕਸ਼ਟ ਹੋਇਆ ਕਿ ਇਨਸਾਫ਼ ਕਾਇਮ ਨਹੀਂ ਹੋਇਆ ।

ਫਿਰ ਰਿਵਾਇਤ ਵਿੱਚ ਆਉਂਦਾ ਹੈ ਕਿ ਇਕ ਯਹੂਦੀ ਦਾ ਇਕ ਸਹਾਬੀ ਦੇ ਜ਼ਿੰਮੇ ਚਾਰ ਦਿਰਹਮ ਕਰਜ਼ਾ ਸੀ ਜਿਸ ਦੀ ਮਿਆਦ ਖ਼ਤਮ ਹੋ ਗਈ ਸੀ, ਉਸ ਯਹੂਦੀ ਨੇ ਆਣਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਸ਼ਿਕਾਇਤ ਕੀਤੀ ਕਿ ਇਸ ਵਿਅਕਤੀ ਦੇ ਜਿੱਮੇ ਮੇਰੇ ਚਾਰ ਦਿਰਹਮ ਕਰਜ਼ ਹੈ ਅਤੇ ਇਹ ਮੈਂਨੂੰ ਦੇ ਨਹੀਂ ਰਿਹਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਸ ਸਹਾਬੀ ਨੂੰ ਬੁਲਾਇਆ, ਜਿੰਨ੍ਹਾ ਦਾ ਨਾਂ ਅਬਦੁਲੱਾਹ ਸੀ ਅਤੇ ਉਹਨਾਂ ਨੂੰ ਕਿਹਾ ਕਿ ਇਸ ਯਹੂਦੀ ਦਾ ਹੱਕ ਦੇ ਦਿਓ । ਹਜ਼ਰਤ ਅਬਦੁਲੱਾਹ ਦੇ ਬਿਨਤੀ ਕੀਤੀ, ਉਸ ਰੱਬ ਦੀ ਸਹੁੰ ਹੈ ਜਿਸ ਨੇ ਆਪ ਨੂੰ ਸਚੱਾਈ ਨਾਲ ਭੇਜਿਆ ਹੈ ਮੈਂਨੂੰ ਕਰਜ਼ਾ ਦੇਣ ਦੀ ਤਾਕਤ ਨਹੀਂ ਹੈ । ਆਪ ਸਲਲੱਾਹੁ ਅਲੈਹਿ ਵਸਲਮ ਨੇ ਮੁੜ੍ਹ ਉਹਨਾਂ ਨੂੰ ਫ਼ਰਮਾਇਆ ਕਿ ਇਸ ਵਿਅਕਤੀ ਦਾ ਕਰਜ਼ਾ ਵਾਪਸ ਕਰੋ । ਅਬਦੁਲੱਾਹ ਨੇ ਬਿਨਤੀ ਕੀਤੀ ਕਿ ਮੈਂ ਉਸ ਨੂੰ ਕਹਿ ਦਿਤੱਾ ਹੈ ਕਿ ਆਪ ਸਲਲੱਾਹੁ ਅਲੈਹਿ ਵਸਲਮ ਸਾਨੂੰ ਖ਼ੈਬਰ ਭਿਜਵਾਉਣਗੇ ਅਤੇ ਗ਼ਨੀਮਤ ਦੇ ਮਾਲ ਵਿਚੋਂ ਕੁਝ ਹਿਸੱਾ ਦੇਣਗੇ ਅਤੇ ਵਾਪਸ ਆਣਕੇ ਉਸ ਦਾ ਕਰਜ਼ਾ ਚੁਕਾ ਦਿਆਂਗਾ । ਆਪ ਸਲਲੱਾਹੁ ਅਲੈਅਹਿ ਵਸਲਮ ਨੇ ਫਿਰ ਫ਼ਰਮਾਇਆ ਕਿ ਉਸਦਾ ਹੱਕ ਅਦਾ ਕਰੋ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਜੱਦ ਕਿਸੇ ਗੱਲ ਨੂੰ ਤਿੰਨ ਵਾਰ ਕਹਿ ਦਿੰਦੇ ਤਾਂ ਉਹ ਪਕੱਾ ਫ਼ੈਸਲਾ ਸਮਝਿਆਂ ਜਾਂਦਾ ਸੀ । ਇਉਂ ਹਜ਼ਰਤ ਅਬਦੁਲੱਾਹ ਉਸੇ ਸਮੇਂ ਬਾਜ਼ਾਰ ਗਏ, ਉਹਨਾਂ ਨੇ ਇਕ ਚਾਦਰ ਲਾਚੇ ਵਾਂਗ ਬੰਨ੍ਹੀ ਹੋਈ ਸੀ ਅਤੇ ਸਿਰ ਉਪੱਰ ਕਪੜਾ ਵੀ ਸੀ । ਸਿਰ ਦਾ ਕਪੜਾ ਲਾਹ ਕੇ ਲਾਚੇ ਵਾਂਗ ਬੰਨ੍ਹ ਲਿਆ ਅਤੇ ਲਾਚੇ ਨੂੰ ਚਾਰ ਦਿਹਮ ਵਿੱਚ ਵੇਚਕੇ ਕਰਜ਼ਾ ਅਦਾ ਕਰ ਦਿਤੱਾ, ਤਾਂ ਇਹ ਮਿਆਰ ਸਨ ਜੋ ਆਪ ਨੇ ਕਾਇਮ ਕੀਤੇ । ਯਹੂਦੀ ਨੂੰ ਇਹ ਨਹੀਂ ਕਿਹਾ ਕਿ ਉਸ ਨੇ ਜੱਦ ਮੁਹਲਤ ਮੰਗੀ ਹੈ ਤਾਂ ਮੁਹਲਤ ਦੇਵੇ, ਸਗੋਂ ਆਪਣੇ ਸਹਾਬੀ ਨੂੰ ਇਹ ਕਿਹਾ ਕਿ ਫ਼ੌਰੀ ਉਸਦਾ ਕਰਜ਼ਾ ਅਦਾ ਕਰੋ ਅਤੇ ਉਸ ਦੇ ਲਈ ਉਹਨਾਂ ਨੂੰ ਆਪਣੇ ਤਨ ਦੇ ਕਪੜੇ ਵੀ ਉਤਾਰਕੇ ਵੇਚਣੇ ਪਏ । ਇਹ ਮਿਆਰ ਹਨ ਅਦਲ ਤੇ ਇਨਸਾਫ਼ ਦੇ ਅਤੇ ਇਹੋ ਮਿਆਰ ਹਨ ਜੋ ਅਸੀਂ ਹਰ ਪਧੱਰ'ਤੇ ਕਾਇਮ ਰਖੱਾਂਗੇ ਤਾਂ ਇਸ ਯੁੱਗ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਦੀ ਹਕੀਕੀ ਮੰਨ੍ਹਣ ਵਾਲਿਆਂ ਵਿੱਚ ਸ਼ਾਮਲ ਹੋਵਾਂਗੇ ਅਤੇ ਉਹ ਉਦੇਸ਼ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਗਟ ਹੋਣ ਦਾ ਹੈ ਉਸ ਨੂੰ ਪੂਰਾ ਕਰਨ ਵਾਲੇ ਹੋਵਾਂਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੂਰਤ ਅਲ ਆਰਾਫ਼ ਦੀ ਆਇਤ ਜੋ ਮੈਂ ਤਲਾਵਤ ਕੀਤੀ ਹੈ ਉਸ ਵਿੱਚ ਇਸੇ ਗੱਲ ਦਾ ਰੱਬ ਨੇ ਫ਼ਰਮਾਨ ਦਿਤੱਾ ਹੈ । ਅਰਥ ਉਸ ਦਾ ਇਹ ਹੈ ਜਿੰਨ੍ਹਾਂ ਨੂੰ ਅਸੀਂ ਪੈਦਾ ਕੀਤਾ, ਅਜਿਹੇ ਲੋਕ ਵੀ ਸਨ ਜੋ ਹੱਕ ਨਾਲ ਲੋਕਾਂ ਨੂੰ ਹਿਦਾਇਤ ਦਿੰਦੇ ਸਨ ਅਤੇ ਉਸੇ ਰਾਹੀਂ ਇਨਸਾਫ਼ ਕਰਦੇ ਸਨ । ਜੋ ਮਨੁੱਖ ਹਿਦਾਇਤ ਉਪੱਰ ਕਾਇਮ ਨ ਹੋਵੇ ਤਾਂ ਦੂਜਿਆਂ ਨੂੰ ਕੀ ਹਿਦਾਇਤ ਦੇਵੇਗਾ । ਜੱਦ ਤੱਕ ਮਨੁੱਖ ਆਪ ਇਨਸਾਫ਼ ਉਪੱਰ ਕਾਇਮ ਨ ਹੋਵੇ ਤਾਂ ਉਹ ਦੂਜਿਆਂ ਨੂੰ ਕੀ ਇਨਸਾਫ਼ ਦੇ ਸਕੇਗਾ । ਸੋ, ਅਸੀਂ ਜੇਕਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ

ਬੈਅਤ ਦੇ ਅਹਿਦ ਨੂੰ ਪੂਰਾ ਕਰਨਾ ਹੈ ਅਤੇ ਆਪ ਦੇ ਮਿਸ਼ਨ ਨੂੰ ਪੂਰਾ ਕਰਨਾ ਹੈ ਅਤੇ ਇਸਲਾਮ ਦੇ ਸੰਦੇਸ਼ ਨੂੰ ਦੁਨੀਆ ਤੱਕ ਪਹੁੰਚਾਉਣਾ ਹੈ ਅਤੇ ਪ੍ਰਚਾਰ ਦਾ ਹੱਕ ਅਦਾ ਕਰਨਾ ਹੈ ਫਿਰ ਇਸੇ ਉਸੂਲ ਅਨੁਸਾਰ ਸਾਰੇ ਉੱਚ ਆਚਰਣਾਂ ਨੂੰ ਅਪਨਾਉਂਣਾ ਹੋਵੇਗਾ ਜੋ ਇਸਲਾਮ ਦੀ ਸਿੱਖਿਆ ਹੈ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਫ਼ਰਮਾਨ ਹਨ । ਅਲੱਾਹ ਕਰੇ ਕਿ ਅਸੀਂ ਰੱਬ ਦੇ ਆਦੇਸ਼ਾਂ ਉਪੱਰ ਚਲਦਿਆਂ ਹੋਇਆਂ ਆਪਣੇ ਜੀਵਨ ਨੂੰ ਢਾਲਣ ਵਾਲੇ ਹੋਈਏ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦੇ ਹੱਕ ਨੂੰ ਪੂਰਾ ਕਰਨ ਵਾਲੇ ਹੋਈਏ, ਅਸੀਂ ਦੂਜਿਆਂ ਲਈ ਹਿਦਾਇਤ ਅਤੇ ਇਨਸਾਫ਼ ਦਾ ਨਮੂਨਾ ਬਣਨ ਵਾਲੇ ਹੋਈਏ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਮੁਕਰੱਮ ਹਸਨ ਮੁਹਮੱਦ ਖਾਨ ਸਾਬ ਸਫਪੁਤੱਰ ਮੁਕਰੱਮ ਫ਼ਜ਼ਲ ਮੁਹਮੱਦ ਖ਼ਾਨ ਸਾਹਬ ਸ਼ਿਮਲਵੀ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਆਪ ਦੇ ਸਦਗੁਣ ਵਰਨਣ ਕੀਤੇ ।

**Khulasa Khutba Jumma 10.11.2017**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131